# ਅਜਹੂੰ ਬਲਿ ਕੇ ਦੁਆਰ ਖਰੋ

**ਕਬੀਰ ਕਾ ਸਬਦੁ ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ**

**ੴ ਸਤਿ ਗੁਰ ਪ੍ਰਸਾਦਿ ॥**

ਇਹ ਸ਼ਬਦ ਭਗਤ ਨਾਮਦੇਵ ਜੀ ਨੇ ਭਗਤ ਕਬੀਰ ਜੀ ਦੇ ਹਵਾਲੇ ਨਾਲ ਮਾਰੂ ਰਾਗ ਵਿਚ ਉਚਾਰਣ ਕੀਤਾ ਹੈ ਜੋ ਅੰਕ ੧੧੦੫ ਤੇ ਸੁਭਾਇਮਾਨ ਹੈ। ਇਸ ਦੇ ਨਾਲ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਪਰਮਾਤਮਾ ਦੀ ਸਿਫ਼ਤ ਸਲਾਹ, ਮੰਗਲਾਚਰਣ ਵਜੋਂ ਮੂਲਮੰਤਰ ਦਾ ਸੰਖਿਪਤ ਸਰੂਪ ਅੰਕਤ ਕੀਤਾ ਹੈ।

ਇਸ ਸ਼ਬਦ ਵਿਚ ਸਿਮਰਨ/ਭਗਤੀ ਦੀ ਅਤੇ ਸਾਧੂ ਸੰਤ ਦੀ ਸੰਗਤਿ ਦੀ ਵਡਿਆਈ ਕੀਤੀ ਗਈ ਹੈ। ਇਹ ਵੀ ਦਸਿਆ ਗਿਆ ਹੈ ਕਿ ਇਸ ਸਚੀ ਭਗਤੀ ਕਰਕੇ ਪ੍ਰਭੂ ਸਮੇਂ ਸਮੇਂ ਤੇ ਗੁਰਜੋਤਿ ਦੇ ਰੂਪ ਵਿਚ ਪ੍ਰਗਟ ਹੋ ਕੇ ਆਪਣੇ ਭਗਤ ਦਾ ਉਧਾਰ ਕਰਦਾ, ਸਭ ਕੁਝ ਉਸ ਨੂੰ ਸੌਂਪਦਾ ਹੈ ਅਤੇ ਉਸ ਤੇ ਆਈ ਬਿਪਤਾ ਦਾ ਨਾਸ਼ ਕਰਦਾ ਹੈ। ਇਸੇ ਪ੍ਰਥਾਇੰ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਪਰਮੇਸ਼ਰ ਸਮੇਂ ਸਮੇਂ ਤੇ ਹਰ ਜੁਗ ਵਿਚ ਆਪਣੇ ਭਗਤ ਇਸ ਧਰਤੀ ਤੇ ਭੇਜਦਾ ਹੈ ਅਤੇ ਆਪ ਹੀ ਗੁਰਜੋਤਿ ਦੇ ਰੂਪ ਵਿਚ ਉਨ੍ਹਾਂ ਦੀ ਪੈਜ ਵੀ ਰਖਦਾ ਹੈ ਜਿਵੇਂ ਹਰਨਾਖ਼ਸ਼ ਦੁਸ਼ਟ ਦੇ ਸੰਘਾਰ ਲਈ ਉਸ ਗੁਰਜੋਤਿ ਨੇ ਨਰਸਿੰਘ ਦਾ ਰੂਪ ਧਾਰਨ ਕੀਤਾ। ਇਸੇ ਤਰ੍ਹਾਂ ਹੰਕਾਰੀਆਂ ਤੇ ਨਿੰਦਕਾ ਵਲ ਉਸ ਨੇ ਪਿਠ ਕਰ ਦਿਤੀ ਅਤੇ ਆਪਣੇ ਭਗਤ ਨਾਮਦੇਵ ਜੀ ਵਲ ਮੁਖ ਕਰ ਲਿਆ, ਭਾਵ, ਭਗਤ ਦੀ ਪੈਜ ਦੀ ਰਾਖੀ ਲਈ ਦੇਹੁਰਾ ਵੀ ਘੁਮਾ ਦਿਤਾ - 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥ ਹਰਨਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥ ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥', ਅੰਕ ੪੫੧.

**ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥**
**ਮੁਕਤਿ ਭਇਓ ਚਉਹੂੰ ਜੁਗ ਜਾਨਿਓ ਜਸੁ ਕੀਰਤਿ ਮਾਥੈ ਛਤ੍ਰੁ ਧਰਿਓ॥੧॥**

-- ਚਾਰ ਤਰ੍ਹਾਂ ਦੀਆਂ ਮੁਕਤੀਆਂ ਦਾ ਬਿਆਨ ਮਿਲਦਾ ਹੈ। ਭਗਤ ਕਬੀਰ ਜੀ ਦਾ ਫ਼ੁਰਮਾਣ ਹੈ ਕਿ ਜੋ ਮਨੁਖ ਪ੍ਰਭੂ ਪਤੀ, ਲਾੜੇ ਦੀ ਸ਼ਰਣ ਪੈ ਜਾਂਦੇ ਹਨ ਉਨ੍ਹਾਂ ਨੂੰ ਚਾਰੇ ਤਰ੍ਹਾਂ ਦੀਆਂ ਮੁਕਤੀਆਂ ਅਤੇ ਸਭ ਸਿਧੀਆਂ ਸੁਤੇ ਸਿਧ ਹੀ ਸਿਧ ਹੋ ਜਾਂਦੀਆਂ ਹਨ, ਭਾਵ, ਪ੍ਰਾਪਤ ਹੋ ਜਾਂਦੀਆਂ ਹਨ।

ਚਾਰ ਮੁਕਤੀਆਂ ਹਨ : ਆਪਣੇ ਇਸ਼ਟ ਦੇ ਲੋਕ ਵਿਚ ਨਿਵਾਸ ; ਇਸ਼ਟ ਦੀ ਨਿਕਟਤਾ ; ਇਸ਼ਟ ਵਰਗੀ ਸ਼ਕਲ ; ਇਸ਼ਟ ਦੇ ਨਾਲ ਇਕਮਿਕਤਾ।

ਸਿਧੀਆਂ ਅਠ ਹਨ - ਬਹੁਤ ਛੋਟਾ ਹੋ ਜਾਣਾ ; ਬਹੁਤ ਵਡਾ ਹੋ ਜਾਣਾ ; ਬਹੁਤ ਭਾਰਾ ਹੋ ਜਾਣਾ ; ਬਹੁਤ ਹੌਲਾ ਹੋ ਜਾਣਾ ; ਮਨਬਾਂਛਤ ਵਸਤੂ ਹਾਸਲ ਕਰ ਲੈਣੀ ; ਸਭ ਦੇ ਮਨ ਦੀਆਂ ਜਾਣ ਲੈਣਾ ; ਆਪਣੀ ਇਛਾ ਅਨੁਸਾਰ ਸਭ ਨੂੰ ਪਰੇਰ ਲੈਣਾ ; ਸਭ ਨੂੰ ਵਸ ਵਿਚ ਕਰ ਲੈਣਾ।

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਜਿਸ ਨੇ ਪ੍ਰਭੂ ਦੇ ਨਾਮ ਦਾ ਹਾਰ ਆਪਣੇ ਗਲੇ ਵਿਚ ਪਾ ਲਿਆ ਹੈ ਅਤੇ ਗੁਰੂ ਦੇ ਚਰਣਾਂ ਵਿਚ ਚਿਤ ਜੋੜ ਲਿਆ ਹੈ, ਰਿਧੀਆਂ ਸਿਧੀਆਂ ਆਦਿ ਸਭ ਸ਼ਕਤੀਆਂ ਉਨ੍ਹਾਂ ਦੇ ਪਿਛੇ ਪਿਛੇ ਫਿਰਦੀਆਂ ਰਹਿੰਦੀਆਂ ਹਨ ਪਰ ਉਨ੍ਹਾਂ

ਨੂੰ ਇਨ੍ਹਾਂ ਦੀ ਤਿਲ ਜਿਨੀ ਵੀ ਚਾਹ ਨਹੀਂ ਹੁੰਦੀ - 'ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰ ਚਰਣੀ ਚਿਤੁ ਲਾਇ॥ ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ॥', ਅੰਕ ੨੬. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ ਕਿ ਜਿਸ ਦੇ ਵੀ ਹਿਰਦੇ ਵਿਚ ਪ੍ਰਭੂ ਦਾ ਸਿਮਰਨ, ਨਾਮ ਵਸ ਗਿਆ ਉਹ ਮੁਕਤਿ ਹੋ ਗਿਆ - 'ਮੁਕਤਿ ਭਇਆ ਜਿਸੁ ਰਿਦੈ ਵਸੇਰਾ॥', ਅੰਕ ੧੦੧. ਹੋਰ ਬਚਨ ਹਨ ਕਿ ਮਨੁਖ ਨੂੰ ਅਨੇਕਾਂ ਤਰ੍ਹਾਂ ਦੇ ਬੰਧਨ ਹਨ ਜੋ ਕਿਸੇ ਵੀ ਢੰਗ ਨਾਲ ਤੋੜੇ ਨਹੀਂ ਜਾ ਸਕਦੇ, ਪਰ ਨਾਮ ਸਿਮਰਨ ਕਰਨ ਨਾਲ ਮਨੁਖ ਉਨ੍ਹਾਂ ਸਾਰੇ ਬੰਧਨਾਂ ਤੋਂ ਛੁਟਕਾਰਾ ਪਾ ਕੇ ਮੁਕਤੀ ਦਾ ਫ਼ਲ ਪ੍ਰਾਪਤ ਕਰ ਲੈਂਦਾ ਹੈ - 'ਅਨਿਕ ਬੰਧਨ ਤੋਰੈ ਨਹੀ ਜਾਹਿ॥ ਸਿਮਰਤ ਨਾਮ ਮੁਕਤਿ ਫਲ ਪਾਹਿ॥', ਅੰਕ ੧੯੬. ਸੋ ਸਿਮਰਨ ਹੀ ਹਰ ਤਰ੍ਹਾਂ ਦੀ ਮੁਕਤੀ ਅਤੇ ਸ਼ਕਤੀ ਪ੍ਰਾਪਤ ਕਰਨ ਦਾ ਸਾਧਨ ਹੈ।

-- ਜੋ ਮਨੁਖ ਪ੍ਰਭੂ ਦੀ ਸ਼ਰਣ ਵਿਚ ਆ ਜਾਂਦਾ ਹੈ, ਉਸਦਾ ਨਾਮ ਜਪਦਾ ਹੈ ਉਸ ਨੂੰ ਮੁਕਤੀ ਤਾਂ ਮਿਲਦੀ ਹੀ ਹੈ, ਸਗੋਂ ਇਸ ਦੇ ਨਾਲ ਨਾਲ ਉਹ ਚਾਰੇ ਜੁਗਾਂ ਵਿਚ ਉਘਾ ਹੋ ਜਾਂਦਾ ਹੈ, ਦੁਨੀਆਂ ਉਸ ਨੂੰ ਹਰ ਸਮੇਂ ਤੇ ਯਾਦ ਰਖਦੀ ਹੈ, ਉਸ ਦਾ ਜਸ ਸਭ ਪਾਸੇ ਫ਼ੈਲ ਜਾਂਦਾ ਹੈ ਅਤੇ ਪ੍ਰਭੂ ਉਸ ਦੇ ਸੀਸ ਤੇ ਛਤਰ ਵੀ ਝੁਲਾ ਦਿੰਦਾ ਹੈ।੧।

ਜਿਵੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਜਿਨ੍ਹਾਂ ਨੇ ਸਚੇ ਦਿਲ ਨਾਲ ਗੁਰੂ ਦੀ ਅਰਾਧਨਾ ਕਰ ਲਈ, ਗੁਰੂ ਹਰੀ ਉਸ ਭਗਤ ਦੀ ਪੂਜਾ ਕਰਵਾ ਦਿੰਦਾ ਹੈ - 'ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ॥', ਅੰਕ ੪੫੦. ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਜਿਸ ਮਨੁਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵਸ ਗਿਆ ਹੈ, ਉਹੀ ਲਖਾਂ ਕਰੋੜਾਂ ਦਾ ਰਾਜਾ ਹੈ - 'ਕੋਟਿ ਲਾਖ ਸਰਬ ਕੋ ਰਾਜਾ ਜਿਸੁ ਹਿਰਦੈ ਨਾਮੁ ਤੁਮਾਰਾ॥', ਅੰਕ ੧੦੦੩. ਗੁਰਬਾਣੀ ਅਨੇਕ ਥਾਂਈਂ ਗਵਾਹੀ ਭਰਦੀ ਹੈ ਕਿ ਪੁਰਾਤਨ ਜੁਗਾਂ ਜੁਗਾਤਰਾਂ ਵਿਚ ਜਿਨ੍ਹਾਂ ਨੇ ਉਸ ਦਾ ਨਾਮ ਜਪਿਆ, ਗੁਰਜੋਤਿ ਦੀ ਸੇਵਾ ਭਗਤੀ ਕੀਤੀ ਉਨ੍ਹਾਂ ਦੇ ਨਾਂ ਅਜ ਤਕ ਉਘੇ ਹਨ ਅਤੇ ਕਈ ਲੰਮੇ ਸਮੇਂ ਤਕ ਰਾਜ ਵੀ ਕਰਦੇ ਆਏ ਹਨ, ਜਿਵੇਂ ਭਗਤ ਧ੍ਰੂ , ਪ੍ਰਹਿਲਾਦ, ਬਲ, ਹਨੂੰਮਾਨ, ਅੰਬਰੀਕ, ਭਭੀਖਨ, ਸੁਦਾਮਾ, ਗਨਿਕਾ, ਕੁਬਿਜਾ, ਬਿਦਰ, ਦ੍ਰੋਪਦੀ ਆਦਿ ਹੋਰ ਅਨੇਕ ਹਨ ਜਿਨ੍ਹਾਂ ਦੇ ਨਾਂ ਅਜ ਤਕ ਸ਼ਰਧਾ ਨਾਲ ਲਏ ਜਾਂਦੇ ਹਨ। ਕਈ ਭਗਤਾਂ ਦੀਆਂ ਤਾਂ ਰਚਨਾਵਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਬਾਣੀ ਦਾ ਦਰਜਾ ਬਖਸ਼ਿਆ।

**ਰਾਜਾ ਰਾਮ ਜਪਤ ਕੋ ਕੋ ਨ ਤਰਿਓ ॥**
**ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ ॥੧॥ ਰਹਾਉ ॥**

-- ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਅਜਿਹੇ ਕਿਹੜੇ ਕਿਹੜੇ ਹਨ ਜੋ ਰਾਜਾ ਰਾਮ, ਭਾਵ, ਪ੍ਰਭੂ/ਗੁਰਜੋਤਿ ਦਾ ਨਾਮ ਜਪਣ ਨਾਲ ਨਹੀਂ ਤਰੇ, ਭਾਵ, ਨਾਮ ਜਪਣ ਨਾਲ ਸਭ ਤਰ ਗਏ।

ਪੰਜਵੇਂ ਪਾਤਸ਼ਾਹ ਦੇ ਫ਼ੁਰਮਾਣ ਨੇ ਤਾਂ ਅਖੀਰਲਾ ਨਿਰਨਾ ਹੀ ਕਰ ਦਿਤਾ ਕਿ ਵਾਹਗੁਰੂ ਦੇ ਸਿਮਰਨ ਨੇ ਕਿਸ ਕਿਸ ਨੂੰ ਨਹੀਂ ਤਾਰਿਆ, ਭਾਵ, ਜਿਨ੍ਹਾਂ ਜਿਨ੍ਹਾਂ ਨੇ ਵੀ ਸਿਮਰਨ ਕੀਤਾ ਜਾਂ/ਅਤੇ ਸਾਧੂ ਦੀ ਸੰਗਤਿ ਕੀਤੀ, ਉਹ ਸਾਰੇ ਤਰ ਗਏ, ਭਾਵੇਂ ਉਹ ਕਿਸੇ ਵੀ ਸਰੀਰ ਵਿਚ ਸਨ, ਪੰਛੀ, ਮਛੀ, ਮ੍ਰਿਗ, ਦੇਵ ਜਾਂ ਦੈਂਤ, ਜਖ੍ਯ , ਕਿੰਨਰ ਜਾਂ ਨਰ - '**ਹਰਿ ਕੈ ਭਜਨਿ** ਕਉਨ ਕਉਨ ਨ ਤਾਰੇ॥ ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ **ਸਾਧੂ ਸੰਗਿ** ਉਧਾਰੇ॥ ਦੇਵ ਕੁਲ ਦੈਤ ਕੁਲ ਜਖ੍ਯ ਕਿੰਨਰ ਨਰ ਸਾਗਰ ਉਤਰੇ ਪਾਰੇ॥ ਜੋ ਜੋ **ਭਜਨੁ ਕਰੇ ਸਾਧੂ ਸੰਗਿ**

ਤਾ ਕੇ ਦੂਖ ਬਿਦਾਰੇ॥', ਅੰਕ ੧੨੬੯. ਸਪਸ਼ਟ ਹੈ, ਇਸ ਸੰਸਾਰ ਸਾਗਰ ਨੂੰ ਤਰਨ ਦੇ ਦੋ ਹੀ ਉਪਾਅ ਹਨ, ਸਾਧੂ ਦੀ ਸੰਗਤਿ ਅਤੇ ਸਿਮਰਣ। ਇਹ ਇਕਠੇ ਹੀ ਚਲਦੇ ਹਨ। ਮਹਾਰਾਜ ਦੇ ਬਚਨ ਹਨ ਕਿ ਪ੍ਰਭੂ ਦੇ ਸਿਮਰਨ ਨਾਲ ਨੀਚ ਮਨੁਖ ਜਿਨ੍ਹਾਂ ਨੂੰ ਕੋਈ ਨਹੀਂ ਜਾਣਦਾ, ਨਾਮ ਜਪਣ ਨਾਲ ਉਹ ਚਾਰੇ ਕੁੰਟਾਂ ਵਿਚ ਪ੍ਰਸਿਧ ਹੋ ਜਾਂਦੇ ਹਨ ਅਤੇ ਮੰਨਿਆਂ ਜਾਣ ਲਗ ਪੈਂਦਾ ਹੈ, ਅਜਿਹਾ ਕੌਣ ਹੈ ਜੋ ਪ੍ਰਭੂ/ਗੁਰਜੋਤਿ ਦੀ ਸੇਵਾ/ਸਿਮਰਨ ਨਾਲ ਨਹੀਂ ਤਰਿਆ, ਭਾਵ, ਸਾਰੇ ਤਰ ਗਏ - 'ਜਿਸੁ ਨੀਚ ਕਉ ਕੋਈ ਨ ਜਾਨੈ॥ ਨਾਮੁ ਜਪਤ ਉਹੁ ਚਹੁ ਕੁੰਟ ਮਾਨੈ॥..ਦਰਸਨੁ ਮਾਗਉ ਦੇਹ ਪਿਆਰੇ॥ ਤੁਮਰੀ ਸੇਵਾ ਕਉਨ ਕਉਨ ਨ ਤਾਰੇ॥', ਅੰਕ ੩੮੬.

ਭਗਤ ਨਾਮਦੇਵ ਜੀ ਵੀ ਇਹੀ ਸਚ ਉਪਦੇਸ਼ ਕਰ ਰਹੇ ਹਨ ਕਿ ਹੇ ਪੂਜਯ ਪ੍ਰਭੂ ! ਜਿਨਾਂ ਪਥਰਾਂ ਤੇ ਵੀ ਰਾਮ ਦਾ ਨਾਮ ਲਿਖਿਆ ਗਿਆ ਸੀ, ਤੂੰ ਤਾਂ ਉਹ ਵੀ ਤਾਰ ਦਿਤੇ ਤਾਂ ਫ਼ਿਰ ਜਿਨ੍ਹਾਂ ਨੇ ਰਾਮ ਦਾ ਨਾਮ ਜਪਿਆ ਹੋਵੇ ਉਹ ਕਿਉਂ ਨਾ ਤਰਨਗੇ। ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ ਜਿਨ੍ਹਾਂ ਨੇ ਰਾਮ ਦੇ ਨਾਮ ਦਾ ਜਾਪ, ਸਿਮਰਨ ਕੀਤਾ - 'ਦੇਵਾ ਪਾਹਨ ਤਾਰੀਅਲੇ॥ ਰਾਮ ਕਹਤ ਜਨ ਕਸ ਨ ਤਰੇ॥... ਹਉ ਬਲਿ ਬਲਿ ਜਿਨ ਰਾਮ ਕਹੇ॥.. ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ॥', ਅੰਕ ੩੪੫. ਅਗੇ ਇਸੇ ਸ਼ਬਦ ਵਿਚ ਭਗਤ ਜੀ ਗਨਿਕਾ, ਕੁਬਿਜਾ, ਬਧਿਕ, ਬਿਦਰ ਅਤੇ ਸੁਦਾਮਾ ਦੀਆਂ ਮਿਸਾਲਾਂ ਦੇ ਕੇ ਸਮਝਾਉਂਦੇ ਹਨ ਕਿ ਜਿਨ੍ਹਾਂ ਨੇ ਵੀ ਰਾਮ ਦਾ ਨਾਮ ਜਪਿਆ ਉਨ੍ਹਾਂ ਦਾ ਪਾਰ ਉਤਾਰਾ ਸਮੇਂ ਸਮੇਂ ਤੇ ਗੁਰਜੋਤਿ ਨੇ ਕਰ ਦਿਤਾ। ਹੋਰ ਵੀ ਅਜਿਹੇ ਹੀ ਬਚਨ ਕਰਦੇ ਹਨ ਕਿ ਦਸੋ ਭਲਾ ਰਾਮ ਦਾ ਨਾਮ ਲੈਣ ਨਾਲ ਕਿਹੜੇ ਕਲੰਕ ਹਨ ਜੋ ਬਾਕੀ ਬਚ ਰਹਿੰਦੇ ਹਨ ! ਭਾਵ, ਰਾਮ ਪ੍ਰਭੂ/ਗੁਰਜੋਤਿ ਦਾ ਨਾਮ ਜਪਣ ਨਾਲ ਸਾਰੇ ਕਲੰਕ ਮਿਟ ਜਾਂਦੇ ਹਨ, ਪਤਿਤ, ਪਾਪੀ ਵੀ ਪਵਿਤਰ ਹੋ ਜਾਂਦੇ ਹਨ, ਗੁਰੂ ਤੋਂ ਉਪਦੇਸ਼, ਮੰਤਰ ਲੈ ਕੇ ਜੋ ਰਾਮ ਰਾਮ ਕਹਿੰਦੇ ਭਾਵ, ਸਿਮਰਨ ਕਰਦੇ ਹਨ, ਉਹ ਸਾਰੇ ਦੇ ਸਾਰੇ ਵਾਹਗੁਰੂ ਦੇ ਦੇਸ ਨੂੰ ਅਪੜ ਜਾਂਦੇ ਹਨ - 'ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ॥ ਪਤਿਤ ਪਵਿਤ ਭਏ ਰਾਮੁ ਕਹਤ ਹੀ॥..ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ॥' ਅੰਕ ੭੧੮.

-- ਜਿਸ ਜਿਸ ਨੇ ਵੀ ਆਪਣੇ ਗੁਰ-ਉਪਦੇਸ਼, ਭਾਵ, ਗੁਰਮੰਤਰ ਲੈ ਕੇ ਜਪਿਆ ਅਤੇ ਆਪਣੇ ਗੁਰੂ ਸਾਧੂ ਦੀ ਸੰਗਤਿ ਕੀਤੀ ਉਸ ਉਸ ਦਾ ਨਾਂ ਭਗਤ ਪੈ ਗਿਆ।੧।ਰਹਾਉ। ਸਭ ਲੋਕ ਉਸ ਨੂੰ ਭਗਤ ਭਗਤ ਕਹਿਣ ਲਗ ਜਾਂਦੇ ਹਨ।

ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਗੁਰੂ ਤੋਂ ਉਪਦੇਸ਼, ਜਪਣ ਲਈ ਮੰਤਰ ਲੈ ਕੇ ਜਪਣਾ ਹੈ, ਇਸ ਤਰ੍ਹਾਂ ਜਪਣ ਨਾਲ, ਜਿਨ੍ਹਾਂ ਦੇ ਚਿਤ ਵਿਚ ਹਰੀ ਦੀ ਪ੍ਰੀਤ ਬਣ ਜਾਂਦੀ ਹੈ, ਉਨ੍ਹਾਂ ਨੂੰ ਅੰਤ ਸਮੇਂ ਛਡਾ ਲਿਆ ਜਾਂਦਾ ਹੈ। ਹੇ ਸੰਤ ਜਨੋਂ ! ਇਸੇ ਤਰ੍ਹਾਂ ਦਿਨ ਰਾਤ ਗੁਰਮੰਤਰ ਰਾਹੀਂ ਨਾਮ ਜਪਣਾ ਹੀ ਜਨਮ ਮਰਣ ਦੇ ਗੇੜ ਤੋਂ ਛੁਟਣ ਦਾ ਸਚਾ ਭਰਵਾਸਾ ਹੈ, ਸਿਰਫ਼ ਇਹੀ ਸਾਧਨ ਹੀ ਜਮਾਂ ਤੋਂ ਛੁਟਣ ਦੀ ਇਕੋ-ਇਕ ਸਚੀ ਆਸ ਹੈ - 'ਹਰਿ ਜਪੁ ਮੰਤੁ ਗੁਰ ਉਪਦੇਸੁ ਲੈ ਜਾਪਹੁ ਤਿਨ੍ ਅੰਤਿ ਛਡਾਏ ਜਿਨ੍ ਹਰਿ ਪ੍ਰੀਤਿ ਚਿਤਾਸਾ॥ ਜਨ ਨਾਨਕ ਅਨਦਿਨੁ ਨਾਮੁ ਜਪਹੁ ਹਰਿ ਸੰਤਹੁ ਇਹੁ ਛੂਟਣ ਕਾ ਸਾਚਾ ਭਰਵਾਸਾ॥', ਅੰਕ ੯੬੦. ਪੰਚਮ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜੋ ਉਪਦੇਸ਼, ਗੁਰਮੰਤਰ ਗੁਰੂ ਨੇ ਦਿਤਾ ਉਸ ਨੂੰ ਜਪ ਕੇ ਭਵਜਲ ਸੰਸਾਰ ਸਾਗਰ ਤੋਂ ਪਾਰ ਉਤਰਿਆ ਜਾਂਦਾ ਹੈ - 'ਗੁਰ ਪੂਰੇ ਦੀਓ ਉਪਦੇਸਾ ਜਪਿ ਭਉਜਲੁ

ਪਾਰਿ ਉਤਾਰਾ॥', ਅੰਕ ੬੨੫.

**ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ ॥**
**ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ ॥੨॥**

-- ਪ੍ਰਭੂ ਦੇ ਸਰਗੁਨ ਸਰੂਪ, ਗੁਰਜੋਤਿ ਦੇ ਕੋਲ ਸ਼ੰਖ, ਸੁਦਰਸ਼ਨ ਵਰਗੇ ਚਕਰ, ਜਪਣੀ, ਅਤੇ ਮਥੇ ਤੇ ਰੱਬੀ ਰਾਜ ਦਾ ਤਿਲਕ ਬਿਰਾਜਮਾਨ ਦੇਖ, ਅਜਿਹਾ ਪਰਤਾਪ ਦੇਖ ਕੇ ਜਮ ਤਾਂ ਭੈਭੀਤ ਹੋਣਾ ਹੀ ਹੈ, ਉਹ ਅਜਿਹੇ ਪ੍ਰਭੂ ਦੇ ਭਗਤਾਂ ਦੇ ਨੇੜੇ ਕਿਵੇਂ ਜਾਏਗਾ !
ਸ੍ਰੀ ਗੁਰੂ ਰਾਮਦਾਸ ਸਾਹਿਬ ਜੇ ਦੇ ਵਾਕ ਹਨ ਕਿ ਹਰੀ ਤੇ ਹਰੀ ਦੇ ਜਨ ਇਕ ਹੀ ਹੁੰਦੇ ਹਨ। ਇਥੋਂ ਤਕ ਕਿ ਹਰੀ ਦੇ ਚਿੰਨ੍ਹ ਵੀ ਉਨ੍ਹਾਂ ਦੇ ਹੀ ਹੋ ਜਾਂਦੇ ਹਨ ਜਿਨ੍ਹਾਂ ਨੂੰ ਵੇਖ ਕੇ ਜਮ ਕਿਵੇਂ ਨੇੜੇ ਆ ਸਕਦਾ ਹੈ - 'ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ॥', ਅੰਕ ੧੨੬੪. ਭਗਤ ਤੇ ਵੀ ਜਮ ਨੂੰ ਪ੍ਰਭੂ ਵਾਲੇ ਚਿੰਨ੍ਹ ਦਿਸਦੇ ਹਨ, ਜਿਸ ਨਾਲ ਉਹ ਨੇੜੇ ਨਹੀਂ ਆਉਂਦਾ। ਇਸੇ ਤਰ੍ਹਾਂ ਪ੍ਰਭੂ ਦਾ ਸੁਦਰਸ਼ਨ ਚਕਰ ਭਗਤ ਰਾਜਾ ਅੰਬਰੀਕ ਦੇ ਨਾਲ ਰਹਿੰਦਾ ਹੈ ਅਤੇ ਉਸ ਦੀ ਰਖਿਆ ਕਰਦਾ ਹੈ।

-- ਜਿਨ੍ਹਾਂ ਨੇ ਨਾਮ ਜਪਿਆ, ਨਿਰਭਉ ਪ੍ਰਭੂ ਉਨ੍ਹਾਂ ਨੂੰ ਵੀ ਭੈ ਰਹਿਤ ਕਰ ਦਿੰਦਾ ਹੈ, ਉਨ੍ਹਾਂ ਦੇ ਅੰਦਰ ਰਾਮ ਪ੍ਰਭੂ ਦਾ ਬਲ, ਪ੍ਰਤਾਪ ਆ ਜਾਂਦਾ ਹੈ ਅਤੇ ਉਨ੍ਹਾਂ ਦੇ ਜਨਮ ਮਰਣ ਦਾ ਦੁਖ ਪ੍ਰਭੂ ਹਰ ਲੈਂਦਾ ਹੈ।੨।
ਰਾਮ ਪ੍ਰਭੂ ਦਾ ਬਲ ਪੂਰਨਤਾ ਵਾਲਾ ਹੈ, ਉਸ ਦੇ ਅਗੇ ਹੋਰ ਕੋਈ ਪ੍ਰਭਾਵ ਨਹੀਂ ਪੈਂਦਾ, ਜਿਵੇਂ ਕਿ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਫ਼ੁਰਮਾਣ ਹੈ - 'ਰਾਮ ਕੋ ਬਲੁ ਪੂਰਨ ਭਾਈ॥ ਤਾ ਤੇ ਬ੍ਰਿਥਾ ਨ ਬਿਆਪੈ ਕਾਈ॥', ਅੰਕ ੨੦੨. ਇਹ ਵੀ ਬਚਨ ਕਰਦੇ ਹਨ ਕਿ ਜਿਸ ਭਗਤ ਦੇ ਅੰਦਰ ਰਾਮ ਪ੍ਰਭੂ ਦਾ ਬਲ ਸਮਾ ਜਾਂਦਾ ਹੈ, ਉਸ ਦੇ ਸਾਰੇ ਮਨੋਰਥ ਪੂਰਨ ਹੋ ਜਾਂਦੇ ਹਨ ਅਤੇ ਦੁਖ ਉਸ ਦੇ ਨੇੜੇ ਵੀ ਨਹੀਂ ਆ ਸਕਦਾ - 'ਜਾ ਕੈ ਰਾਮ ਕੋ ਬਲੁ ਹੋਇ॥ ਸਗਲ ਮਨੋਰਥ ਪੂਰਨ ਤਾਹੂ ਕੇ ਦੂਖੁ ਨ ਬਿਆਪੈ ਕੋਇ॥', ਅੰਕ ੧੨੨੩.

**ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ ॥**
**ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ ॥੩॥**

-- ਨਾਗਪੁਰ ਦੇ ਇਲਾਕੇ ਦਾ ਰਾਜਾ ਅੰਬਰੀਕ ਪ੍ਰਭੂ ਦੀ ਬਹੁਤ ਭਗਤੀ ਕਰਨ ਵਾਲਾ ਅਤੇ ਭਗਤਾਂ ਦੀ ਸੰਗਤਿ ਕਰਨ ਵਾਲਾ ਸੀ। ਸੁਦਰਸ਼ਨ ਚਕਰ ਇਸ ਦੇ ਦਰਵਾਜ਼ੇ ਤੇ ਰਹਿੰਦਾ ਸੀ। ਇਕ ਵੇਰ ਬਿਨਾਂ ਕਿਸੇ ਖਾਸ ਕਾਰਨ ਦੇ, ਕ੍ਰੋਧੀ ਰਿਖੀ ਦੁਰਵਾਸਾ ਇਸ ਨੂੰ ਸਰਾਪ ਦੇਣ ਲਗਾ ਤਾਂ ਸੁਦਰਸ਼ਨ ਨੇ ਦੁਰਵਾਸਾ ਤੇ ਹਮਲਾ ਕਰ ਦਿਤਾ। ਦੁਰਵਾਸਾ ਤਿੰਨਾ ਲੋਕਾਂ ਵਿਚ ਸ਼ਰਣ ਲੈਣ ਭਜਾ ਫ਼ਿਰਿਆ ਪਰ ਸੁਦਰਸ਼ਨ ਦੇ ਡਰ ਤੋਂ ਕਿਸੇ ਨੇ ਸ਼ਰਣ ਨਾ ਦਿਤੀ। ਅਖੀਰ ਨਾਰਦ ਮੁਨੀ ਦੀ ਸਲਾਹ ਮੰਨ ਕੇ ਅੰਬਰੀਕ ਦੇ ਚਰਨੀਂ ਆ ਡਿਗਾ ਤਾਂ ਉਸ ਨੇ ਸੁਦਰਸ਼ਨ ਨੂੰ ਇਸ਼ਾਰੇ ਨਾਲ ਹੀ ਰੋਕ ਦਿਤਾ। ਇਸ ਦੇ ਹਵਾਲੇ ਨਾਲ ਇਥੇ ਭਗਤ ਨਾਮਦੇਵ ਜੀ ਫ਼ੁਰਮਾਣ ਕਰਦੇ ਹਨ ਕਿ ਨਾਮ ਜਪਣ ਵਾਲੇ ਆਪਣੇ ਭਗਤ ਨੂੰ ਭਗਵਾਨ ਜੀ ਨੇ ਅਭੈ ਪਦ ਦਿਤਾ।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਭਗਤ ਅੰਬਰੀਕ ਬਾਰੇ ਬਚਨ ਹਨ ਕਿ ਜੋ ਵੀ ਸਚੇ ਗੁਰੂ ਦੇ ਉਤਮ ਬਚਨ ਅਨੁਸਾਰੀ ਹੋ ਜਾਂਦਾ ਹੈ ਉਹ ਗੁਰੂ ਦੇ ਬਚਨ 'ਤੇ ਸਿਮਰਨ ਕਰ ਕੇ ਨਾਮ ਰੂਪੀ

ਅੰਮ੍ਰਿਤ ਪਾ ਲੈਂਦਾ ਹੈ, ਜਿਵੇਂ ਅੰਬਰੀਕ ਭਗਤ ਨੇ ਸਚੇ ਗੁਰੂ ਦੇ ਮੁਖ ਤੋਂ ਨਿਕਲੇ ਬਚਨ, ਗੁਰਮੰਤਰ ਰਾਹੀਂ ਸਿਮਰਨ ਕਰ ਕੇ ਅਮਰ ਪਦ ਦੀ ਪ੍ਰਾਪਤੀ ਕੀਤੀ - 'ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤੁ ਪਾਵੈਗੋ॥ ਜਿਉ ਅੰਬਰੀਕਿ ਅਮਰਾ ਪਦ ਪਾਏ ਸਤਿਗੁਰ ਮੁਖ ਬਚਨ ਧਿਆਵੈਗੋ॥', ਅੰਕ ੧੩੧੧.
ਇਸੇ ਤਰ੍ਹਾਂ ਭਗਵਾਨ ਸ੍ਰੀ ਰਾਮ ਚੰਦਰ ਜੀ ਨੇ ਵੀ ਆਪਣੇ ਭਗਤ ਭਭੀਖਨ ਨੂੰ ਲੰਕਾ ਦਾ ਰਾਜ ਸੌਂਪ ਦਿਤਾ ਜੋ ਉਸ ਨੇ ਲੰਮੇ ਸਮੇਂ ਤਕ ਕੀਤਾ। ਸ੍ਰੀ ਗੁਰੂ ਨਾਨਕ ਸਾਹਿਬ ਨੇ ਬਭੀਖਣ ਨੂੰ ਗੁਰਮੁਖਿ ਦੇ ਪਦ ਨਾਲ ਸਨਮਾਨਿਤ ਕੀਤਾ ਹੈ, ਜਿਸ ਨੇ ਰਾਵਣ ਦੈਂਤ ਦੇ ਰਾਜ਼ ਆਪਣੇ ਇਸ਼ਟ, ਸ੍ਰੀ ਰਾਮ ਚੰਦਰ ਜੀ ਨੂੰ ਦਿਤੇ - 'ਭੇਦੁ ਬਭੀਖਣ ਗੁਰਮੁਖਿ ਪਰਚਾਇਣੁ॥', ਅੰਕ ੯੪੨. ਭਗਤ ਨਾਮਦੇਵ ਜੀ ਨੇ ਵੀ ਭਭੀਖਣ ਨੂੰ, ਆਪਣੇ ਸੁਆਮੀ, ਸ੍ਰੀ ਰਾਮ ਚੰਦਰ ਜੀ ਵਲੋਂ ਲੰਕਾ ਦਾ ਰਾਜ ਸੌਂਪਣ ਦੀ ਗਲ ਕੀਤੀ ਹੈ - 'ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ॥', ਅੰਕ ੬੫੭.

- - ਸੁਦਾਮਾ ਵੀ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਭਗਤ ਸੀ ਅਤੇ ਸਦਾ ਸਿਮਰਨ ਵਿਚ ਲੀਨ ਰਹਿੰਦਾ ਸੀ। ਇਸੇ ਕਰਕੇ ਠਾਕੁਰ ਸ੍ਰੀ ਕ੍ਰਿਸ਼ਨ ਜੀ ਨੇ ਉਸਨੂੰ ਨੌਂ ਨਿਧੀਆਂ ਸੌਂਪ ਦਿਤੀਆਂ ਅਤੇ ਇਸੇ, ਨਾਮਦੇਵ ਦੇ ਠਾਕੁਰ, ਭਗਵਾਨ ਜੀ ਨੇ ਭਗਤ ਧ੍ਰੂ ਨੂੰ ਅਟਲ ਪਦਵੀ ਸੌਂਪ ਦਿਤੀ ਜੋ ਅਜੇ ਵੀ ਅਟਲ ਹੈ।੩।
ਸ੍ਰੀ ਗੁਰੂ ਰਾਮਦਾਸ ਸਾਹਿਬ ਵੀ ਵਕਤ ਦੇ ਗੁਰਜੋਤਿ ਸ੍ਰੀ ਕ੍ਰਿਸ਼ਨ ਜੀ ਦੇ ਬਿਦਰ ਅਤੇ ਸੁਦਾਮਾ ਤੇ ਕਿਰਪਾ ਕਰਕੇ ਦਲਿਦਰ ਦੂਰ ਕਰਨ ਬਾਰੇ ਫ਼ੁਰਮਾਣ ਕਰਦੇ ਹਨ ਕਿ ਸ੍ਰੀ ਕ੍ਰਿਸ਼ਨ ਜੀ, ਜੋ ਦੀਨਾਂ ਤੇ ਦਇਆਲ ਹੁੰਦੇ ਆਏ ਹਨ, ਬਿਦਰ ਅਤੇ ਸੁਦਾਮਾ ਤੇ ਮਿਹਰਬਾਨ ਹੋਏ - 'ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ॥ ਮਿਲਿਓ ਸੁਦਾਮਾ ਭਾਵਨੀ ਧਾਰਿ ਸਭੁ ਕਿਛੁ ਆਗੈ ਦਾਲਦੁ ਭੰਜਿ ਸਮਾਇਆ॥', ਅੰਕ ੧੧੯੧. ਭਗਤ ਕਬੀਰ ਜੀ ਵੀ ਸੁਦਾਮੇ ਨੂੰ ਸ੍ਰੀ ਕ੍ਰਿਸ਼ਨ ਜੀ ਦੁਆਰਾ ਚਾਰੇ ਪਦਾਰਥ ਸੌਂਪਣ ਦਾ ਬਿਆਨ ਕਰਦੇ ਹਨ - 'ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ॥ ਕਹਿ ਕਬੀਰ ਤੁਮ ਸੰਮ੍ਰਥ ਦਾਤੇ ਚਾਰਿ ਪਦਾਰਥ ਦੇਤ ਨ ਬਾਰ॥', ਅੰਕ ੮੫੬. ਭਾਈ ਗੁਰਦਾਸ ਜੀ ਵੀ ਸ੍ਰੀ ਹਰਿ ਜੀ, ਕ੍ਰਿਸ਼ਨ ਜੀ ਦੁਆਰਾ ਭਗਤ ਸੁਦਾਮਾ ਦੀ ਭਗਤੀ ਭਾਵ ਤੇ ਰੀਝ ਕੇ ਉਸ ਦੇ, ਬਿਨਾਂ ਮੰਗਿਆਂ ਹੀ ਚਾਰੇ ਪਦਾਰਥ, ਧਰਮ ਅਰਥ ਕਾਮ ਮੋਖ਼ਸ਼ ਸੌਂਪਣ ਦੀ ਗਵਾਹੀ ਭਰਦੇ ਹਨ - 'ਬਿਪ ਸੁਦਾਮਾ ਦਾਲਦੀ ਬਾਲ ਸਖਾਈ ਮਿਤ੍ਰ ਸਦਾਏ॥..ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਏ॥ ਦੂਰਹੁ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ॥..ਚਾਰਿ ਪਦਾਰਥ ਸਕੁਚਿ ਪਠਾਏ॥', ਵਾਰ ੧੦:੯.
ਅੰਕ ੧੪੦੬ ਤੇ ਭਟ ਬਲ੍ਯ ਜੀ ਸਮੇਂ ਦੇ ਗੁਰਜੋਤਿ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਸੰਬੋਧਨ ਕਰਦੇ ਹੋਏ ਸ਼ਰਧਾ ਭੇਂਟ ਕਰਦੇ ਹਨ ਕਿ ਭਗਤ ਧ੍ਰੂ , ਪ੍ਰਹਿਲਾਦ, ਕਬੀਰ ਜੀ ਅਤੇ ਤ੍ਰਿਲੋਚਨ ਜੀ ਨੂੰ ਨਾਮ ਜਪਣ ਕਰ ਕੇ ਜੋ ਰੱਬੀ ਚਾਨਣ ਦਿਸਿਆ ਸੀ ਅਤੇ ਜਿਸ ਰਹਸ, ਹਰਖ ਦਾ ਉਨ੍ਹਾਂ ਨੇ ਅਨੰਦ ਮਾਣਿਆ ਸੀ, ਉਹ ਸੰਤਾਂ ਭਗਤਾਂ ਦਾ ਆਸਰਾ ਦੇਣ ਵਾਲੇ, ਹੇ ਗੁਰੂ ਰਾਮਦਾਸ ਸਾਹਿਬ ਤੁਸੀਂ ਹੀ ਹੋ - 'ਧ੍ਰੂ ਪ੍ਰਹਲਾਦ ਕਬੀਰ ਤਿਲੋਚਨ ਨਾਮੁ ਲੈਤ ਉਪਜੋ੍ ਜੁ ਪ੍ਰਗਾਸੁ॥ ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ॥', ਅੰਕ ੧੪੦੬.

ਕਹਿਣ ਦਾ ਭਾਵ ਇਹ ਕਿ ਇਸੇ ਗੁਰਜੋਤਿ ਦਾ ਪ੍ਰਕਾਸ਼ ਜੁਗਾਂ ਜੁਗਾਤਰਾਂ ਤੋਂ ਸਮੇਂ ਸਮੇਂ ਤੇ ਹੁੰਦਾ ਆਇਆ ਹੈ ਜੋ ਭਟ ਬਲ ਦੇ ਸਮੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਹਨ ਅਤੇ ਜੋ ਹਮੇਸ਼ਾਂ ਤੋਂ ਸੰਤ ਸਹਾਈ ਅਤੇ ਦੁਸ਼ਟ ਸੰਹਾਰਕ ਹਨ।

**ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ ॥**
**ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ ॥੪॥੧॥**

-- ਪ੍ਰਭੂ ਦੀ ਗੁਰਜੋਤਿ ਨੇ ਆਪਣੇ ਭਗਤ ਦੀ ਖਾਤਰ ਨਰਸਿੰਘ ਦੇ ਰੂਪ ਵਿਚ ਦੇਹ ਧਾਰ ਕੇ ਹਰਨਾਖਸ਼ ਦਾ ਸੰਹਾਰ ਕੀਤਾ।

ਸ੍ਰੀ ਗੁਰੂ ਅਮਰਦਾਸ ਸਾਹਿਬ, ਭਗਤ ਕਬੀਰ ਜੀ ਅਤੇ ਭਗਤ ਨਾਮਦੇਵ ਜੀ ਨੇ ਭਗਤ ਪ੍ਰਹਿਲਾਦ ਦੀ ਰਖਿਆ ਕਰਨ ਅਤੇ ਹਰਨਾਖਸ ਦੇ ਮਾਰਨ ਦੀ ਪੂਰੀ ਵਾਰਤਾ ਦਰਜ ਕੀਤੀ ਹੈ। ਭਗਤ ਕਬੀਰ ਜੀ ਨੇ ਇਹ ਤਥ ਇੰਵ ਬਿਆਨ ਕੀਤਾ ਹੈ ਕਿ ਪਰਮ ਪੁਰਖ ਨੇ ਆਪਣੇ ਭਗਤ ਦੀ ਖਾਤਰ ਨਰਸਿੰਘ ਦਾ ਰੂਪ ਵੀ ਧਾਰਨ ਕਰ ਲਿਆ - 'ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ॥ ਹਰਨਾਖਸੁ ਛੇਦਿਓ ਨਖ ਬਿਦਾਰ॥ ਓਇ ਪਰਮ ਪੁਰਖ ਦੇਵਾਧਿ ਦੇਵ॥ ਭਗਤ ਹੇਤਿ ਨਰਸਿੰਘ ਭੇਵ॥...', ਅੰਕ ੧੧੯੪. ਭਟ ਨਲ੍ਹ ਜੀ ਦਸ ਰਹੇ ਹਨ ਕਿ ਉਹੀ ਗੁਰਜੋਤਿ ਹਨ ਸ੍ਰੀ ਗੁਰੂ ਰਾਮਦਾਸ ਸਾਹਿਬ, ਜਿਨ੍ਹਾਂ ਨੇ ਉਸ ਸਮੇਂ ਭਗਤ ਪ੍ਰਹਿਲਾਦ ਦੀ ਲਾਜ ਰਖੀ ਸੀ ਅਤੇ ਹਰਨਾਖਸ ਨੂੰ ਹਥਾਂ ਦੇ ਨਹੁੰਆਂ ਨਾਲ ਪਾੜ ਸੁਟਿਆ ਸੀ - 'ਅਬ ਰਾਖਹੁ ਦਾਸ ਭਾਟ ਕੀ ਲਾਜ॥ ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥', ਅੰਕ ੧੪੦੦. ਇਹ ਪੰਕਤੀਆਂ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਸੰਬੋਧਨ ਕਰ ਕੇ ਲਿਖੀਆਂ ਹੋਈਆਂ ਹਨ। ਪ੍ਰਹਿਲਾਦ ਤੋਂ ਇਲਾਵਾ ਦ੍ਰੋਪਦੀ, ਸੁਦਾਮਾ, ਗਨਿਕਾ ਦੀਆਂ ਮਿਸਾਲਾਂ ਦਿਤੀਆਂ ਗਈਆਂ ਹਨ।

-- ਭਗਤ ਨਾਮਦੇਵ ਜੀ ਦੇ ਵਾਕ ਹਨ ਕਿ ਕੇਸ਼ਵ ਪ੍ਰਭੂ ਭਗਤਾਂ ਦੇ ਵਸ ਵਿਚ ਹੁੰਦਾ ਹੈ, ਜਿਵੇਂ ਉਹ ਅਜ ਵੀ ਬਲ ਦੇ ਦੁਆਰੇ ਤੇ ਖਲੋਂਦਾ ਹੈ।੪।੧।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਵੀ ਫੁਰਮਾਣ ਹੈ ਕਿ ਪ੍ਰਭੂ ਭਗਤਾਂ ਦੇ ਵਸ ਵਿਚ ਹੁੰਦਾ ਹੈ, ਭਾਵੇਂ ਭਗਤਾਂ ਨੂੰ ਵੀ ਪ੍ਰਭੂ ਦਾ ਹੀ ਆਸਰਾ ਹੁੰਦਾ ਹੈ - 'ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥', ਅੰਕ ੯੬੨. ਭਾਈ ਗੁਰਦਾਸ ਜੀ ਵੀ ਵਕਤ ਦੇ ਗੁਰਜੋਤਿ ਬਾਵਨ ਦਾ, ਰਾਜਾ ਬਲ ਦੀ ਭਗਤੀ ਤੇ ਸਮਰਪਣ ਤੋਂ ਖ਼ੁਸ਼ ਹੋ ਕੇ ਉਸ ਨੂੰ ਛਲਣ ਦੀ ਬਜਾਏ ਆਪ ਹੀ ਉਸ ਦੀ ਭਗਤੀ ਵਸ ਹੋ, ਛਲੇ ਗਏ, ਉਸ ਨੂੰ ਗਲ ਨਾਲ ਲਾਇਆ, ਉਸ ਦਾ ਜਸ ਗਾਇਆ ਅਤੇ ਉਸ ਦੇ ਅਧੀਨ ਉਸ ਦੇ ਦੁਆਰੇ ਤੇ ਰਹਿਣ ਦਾ ਬਚਨ ਨਿਭਾਇਆ - 'ਬਲਿ ਛਲਿ ਆਪੁ ਛਲਾਇਅਨੁ ਹੋਇ ਦਇਆਲੁ ਮਿਲੈ ਗਲਿ ਲਾਵੈ॥ ਦਿਤਾ ਰਾਜ ਪਤਾਲ ਦਾ ਹੋਇ ਅਧੀਨੁ ਭਗਤਿ ਜਸੁ ਗਾਵੈ॥ ਹੋਇ ਦਰਵਾਨ ਮਹਾਂ ਸੁਖੁ ਪਾਵੈ॥', ਵਾਰ ੧੦:੩.

ਇਸ ਤਰ੍ਹਾਂ ਇਸ ਸ਼ਬਦ ਦੇ ਵਿਚ ਗੁਰੂ ਦੇ ਦਿਤੇ ਮੰਤਰ ਰਾਹੀਂ ਪ੍ਰਭੂ/ਗੁਰਜੋਤਿ ਦਾ ਸਿਮਰਨ ਅਤੇ ਸਾਧੂ ਸੰਗਤਿ ਕਰਨ ਨਾਲ ਹਰ ਮਨੁਖ ਭਵਜਲ ਸੰਸਾਰ ਸਾਗਰ ਤਰ ਜਾਂਦਾ ਹੈ ਅਤੇ ਅਜਿਹਿਆਂ ਦਾ ਨਾਂ ਹੀ ਭਗਤ ਪੈ ਜਾਂਦਾ ਹੈ। ਇਹੀ 'ਰਹਾਉ' ਦੀ ਪੰਕਤੀ ਵਿਚ ਦਿਤਾ ਤਤਸਾਰ ਹੈ।